ਜਿਚਰੁ ਧਰੇ ਨ ਪ੍ਰਭੁ ਅਵਤਾਰਾ

ਜੁਗ ਗਰਦੀ ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ।

ਉਠੇ ਗਿਲਾਨੀ ਜਗਤਿ ਵਿਚਿ ਵਰਤੇ ਪਾਪ ਭ੍ਰਿਸਟਿ ਸੰਸਾਰਾ।

ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੀ 17ਵੀਂ ਪਉੜੀ ਵਿਚ ਜੁਗ ਦੇ ਪਲਟਣ ਦੇ ਲਛਣਾਂ ਬਾਰੇ ਗਲ ਕੀਤੀ ਹੈ। ਗਰਦੀ ਦਾ ਅਰਥ ਭਾਈ ਵੀਰ ਸਿੰਘ ਜੀ ਨੇ ਬਦਲਣਾ ਕੀਤਾ ਹੈ।

ਅਰਥ : ਭਾਈ ਗੁਰਦਾਸ ਜੀ ਨੇ ਇਥੇ ਪ੍ਰਸ਼ਨ ਉਠਾਇਆ ਹੈ ਕਿ ਜਦੋਂ ਜੁਗ ਬਦਲਣ ਦਾ ਸਮਾਂ ਆਉਂਦਾ ਹੈ ਤਾਂ ਉਸ ਮੌਕੇ ਤੇ ਜਗ ਵਿਚ ਕੀ ਵਰਤਾਰਾ ਵਰਤਦਾ ਹੈ !! ਬਾਕੀ ਸਾਰੀ ਪਉੜੀ ਵਿਚ ਇਸੇ ਪ੍ਰਸ਼ਨ ਦਾ ਉਤਰ ਦਿਤਾ ਗਿਆ ਹੈ:

- - ਸਾਰੇ ਜਗਤ ਵਿਚ ਵੈਰ ਭਾਵਨਾ ਪ੍ਰਬਲ ਹੋ ਜਾਂਦੀ ਹੈ, ਪਾਪ ਦਾ ਪਸਾਰਾ ਫ਼ੈਲ ਜਾਂਦਾ ਹੈ ਅਤੇ ਸਾਰਾ ਸੰਸਾਰ ਭ੍ਰਿਸ਼ਟਾਚਾਰੀ ਹੋ ਜਾਂਦਾ ਹੈ।

ਵਰਨਾਵਰਨ ਨਾ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ।

ਨਿੰਦਿਆ ਚਲੇ ਵੇਦ ਕੀ ਸਮਝਨਿ ਨਹਿ ਅਗਿਆਨਿ ਗੁਬਾਰਾ।

ਅਰਥ : ਇਕ ਵਰਣ ਨੂੰ ਦੂਜਾ ਵਰਣ, ਭਾਵ, ਇਕ ਦੂਜੇ ਦੇ ਧਰਮ, ਜਾਤਿ, ਨਸਲ ਆਦਿ ਨਹੀਂ ਭਾਉਂਦੇ ਅਤੇ ਇਕ ਦੂਜੇ ਨਾਲ ਨਫ਼ਰਤ ਨਾਲ ਟਕਰਾ ਟਕਰਾ ਕੇ ਚੰਗਿਆੜੇ ਪੈਦਾ ਕਰਦੇ ਹਨ, ਜਿਵੇਂ ਬਾਂਸਾਂ ਦੇ ਜੰਗਲ ਵਿਚ, ਬਾਂਸ ਇਕ ਦੂਜੇ ਨਾਲ ਖਹਿੰਦੇ ਹਨ ਅਤੇ ਸੁਆਹ ਹੁੰਦੇ ਰਹਿੰਦੇ ਹਨ।

- - ਧਰਮ ਗ੍ਰੰਥਾਂ ਦੀ ਖ਼ੂਬ ਨਿੰਦਿਆ ਕੀਤੀ ਜਾਂਦੀ ਹੈ ਅਤੇ ਅਗਿਆਨੀ ਦੁਨੀਆਂ ਬਿਲਕੁਲ ਵੀ ਧਰਮ ਗ੍ਰੰਥਾਂ ਦੇ ਵਿਚ ਦਿਤੇ, ਸਚ ਦੇ ਗਿਆਨ ਨੂੰ ਨਹੀਂ ਸਮਝਦੀ, ਜਿਸ ਕਰਕੇ ਅਗਿਆਨਤਾ ਦਾ ਗੁਬਾਰ ਛਾ ਜਾਂਦਾ ਹੈ।

ਹੁਣ ਵੀ ਇਕ ਦੂਜੇ ਦੇ ਧਰਮ, ਜਾਤ, ਵਰਣ, ਰੰਗ ਨੂੰ ਛੋਟਾ ਦਿਖਾਉਣ ਦੀ ਹੋੜ ਲਗੀ ਹੋਈ ਹੈ। ਧਰਮ ਗ੍ਰੰਥਾਂ ਦੀ ਗਲ ਤਾਂ ਦੂਰ ਰਹੀ, ਮਹਾਤਮਾ ਵੀ ਵੰਡੇ

ਹੋਏਹਨ। ਜਦ ਕਿ ਨਾਂ ਤਾਂ ਧਰਮ ਗ੍ਰੰਥ ਅਤੇ ਨਾ ਹੀ ਮਹਾਤਮਾ ਕਿਸੇ ਫ਼ਿਰਕੇ ਵਿਸ਼ੇਸ਼ ਦੇ ਹੁੰਦੇ ਹਨ। ਉਹ ਤਾਂ ਸਾਰੀ ਮਨੁਖਤਾ ਦੇ ਸਾਂਝੇ ਹੁੰਦੇ ਹਨ। ਗ੍ਰੰਥ ਅਤੇ ਮਹਾਤਮਾ ਤਾਂ ਆਪ ਹੀ ਧਰਮ ਹੁੰਦੇ ਹਨ, ਉਨ੍ਹਾਂ ਦਾ ਕੋਈ ਧਰਮ ਨਹੀਂ ਹੁੰਦਾ।

ਬੇਦ ਗਿਰੰਥ ਗੁਰ ਹਟਿ ਹੈ ਜਿਸੁ ਲਗਿ ਭਵਜਲ ਪਾਰਿ ਉਤਾਰਾ।

ਸਤਿਗੁਰ ਬਾਝੁ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ।

ਅਰਥ : ਧਰਮ ਗ੍ਰੰਥ ਅਸਲ ਵਿਚ ਗੁਰੂ ਦੇ ਗਿਆਨ ਦੀ ਹੱਟੀ ਹੁੰਦੇ ਹਨ, ਜਿਥੋਂ ਧਰਮ, ਗਿਆਨ, ਜੀਵਨ ਜਾਚ ਆਦਿ ਦਾ ਸੌਦਾ ਮਿਲਦਾ ਹੈ, ਜਿਸ ਨਾਲ ਜੁੜ ਕੇ ਭਵਜਲ ਸੰਸਾਰ ਸਾਗਰ ਤੋਂ ਤਰਿਆ ਜਾ ਸਕਦਾ ਹੈ। ਬੇਦ ਦਾ ਭਾਵ, ਸਿਰਫ਼ ਚਾਰ ਵੇਦਾਂ ਨਾਲ ਨਹੀਂ, ਬਲਕਿ ਕੋਈ ਵੀ ਧਰਮ ਗ੍ਰੰਥ, ਜਿਥੋਂ ਵੀ ਰੱਬੀ ਗਿਆਨ ਮਿਲਦਾ ਹੋਵੇ।

- - ਪਰ ਇਸ ਨਾਲ ਇਕ ਅਸਲੀਅਤ ਇਹ ਵੀ ਹੈ ਕਿ ਇਨ੍ਹਾਂ ਧਰਮ ਗ੍ਰੰਥਾਂ ਵਿਚਲੇ ਰਬ ਪ੍ਰਾਪਤੀ ਦੇ ਗਿਆਨ ਅਤੇ ਮਾਰਗ ਨੂੰ ਤਦ ਤਕ ਕੋਈ ਨਹੀਂ ਬੁਝ ਸਕਦਾ, ਜਦੋਂ ਤਕ ਰੱਬ ਆਪ ਅਵਤਾਰ ਧਾਰ ਕੇ, ਭਾਵ ਕਿਸੇ ਮਹਾਤਮਾ ਵਿਚ ਆਪਣਾ ਆਪਾ ਰਖ ਕੇ ਜਨਮ ਨਹੀਂ ਲੈਂਦਾ। ਪੰਨਾ ੧੪੦੯ ਤੇ ਫ਼ੁਰਮਾਣ ਹੈ ਕਿ ਉਸ ਵਕਤ ਜਗਤ ਦੇ ਘੁੱਪ ਹਨੇਰੇ ਵਿਚ (ਗੁਰੂ ਰਾਮਦਾਸ ਸਾਹਿਬ ਤੋਂ ਬਾਅਦ) ਕੋਈ ਹੋਰ, ਇਸ ਸੰਸਾਰ ਨੂੰ ਤਾਰ ਸਕਣ ਦੇ ਸਮਰੱਥ, ਮਹਾਤਮਾ ਨਾ ਹੋਣ ਕਰਕੇ ਪ੍ਰਭੂ ਨੇ ਸ੍ਰੀ ਗੁਰੂ ਅਰਜਨ ਦੇਵ ਦੇ ਰੂਪ ਵਿਚ ਖ਼ੁਦ ਅਵਤਾਰ ਧਾਰਿਆ - 'ਜਗ ਅਉਰ ਨ ਯਾਹਿ ਮਹਾਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ।।'

ਭਾਈ ਗੁਰਦਾਸ ਜੀ ਦੇ ਬਚਨਾਂ ਅਨੁਸਾਰ ਵੀ, ਇਸ ਸੰਸਾਰ ਨੂੰ ਧਰਮ ਦਾ ਥੰਮ ਦੇਣ ਲਈ ਸਾਧੂ ਦੀ ਲੋੜ ਹੁੰਦੀ ਹੈ, ਸਾਧੂ ਤੋਂ ਬਿਨਾਂ ਸੰਸਾਰ ਨੂੰ ਕੋਈ ਥੰਮ ਨਹੀਂ ਸਕਦਾ, ਪਰ ਮਹਾਤਮਾ ਕੋਈ ਦਿਸਦਾ ਨਹੀਂ - 'ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚਿ ਕੋਆ।।' (ਇਹ ਬਚਨ ਭਾਈ ਸਾਹਿਬ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਅਵਤਾਰ ਧਾਰਣ ਤੋਂ ਪਹਿਲਾਂ ਬਾਰੇ ਕਹੇ ਹਨ।)

ਜੇ ਅਜਿਹਾ ਨਾ ਹੋਵੇ ਤਾਂ, ਦਸ ਪਾਤਸ਼ਾਹਾਂ ਨੂੰ ਅਵਤਾਰ ਧਾਰ ਕੇ ਜਾਂ ਜਨਮ ਲੈ ਕੇ ਆਉਣ ਦੀ ਕੀ ਲੋੜ ਸੀ !! ਪਰ ਅਸਲੀਅਤ ਇਹੀ ਹੈ ਜਿਵੇਂ ਗੁਰੂ ਨਾਨਕ ਪਾਤਸ਼ਾਹ ਨੇ ਲਿਖਿਆ ਹੈ ਕਿ ਪਰਮਾਤਮਾ ਆਪਣਾ ਆਪਾ ਸਤਿਗੁਰੂ ਵਿਚ ਰਖ

ਦਿੰਦਾ ਹੈ - 'ਸਤਿਗੁਰ ਵਿਚਿ ਆਪੁ ਰਖਿਓਨੁ...' ਧਰਮ ਗ੍ਰੰਥ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਦੇ ਆਉਣ ਤੋਂ ਪਹਿਲਾਂ ਵੀ ਬੜੇ ਸਨ, ਤੇ ਸਨ ਵੀ ਉਚੇ ਦਰਜੇ ਦੇ, ਅਤੇ ਲਿਖੇ ਵੀ ਹੋਏ ਸਨ ਬੜੀਆਂ ਕਮਾਈਆਂ ਵਾਲੇ ਮਹਾਤਮਾਵਾਂ ਦੇ, ਪਰ ਗੁਰੂ ਸਾਹਿਬ ਦੇ ਅਵਤਾਰ ਧਾਰਣ ਤੋਂ ਬਿਨਾਂ, ਕਿਸੇ ਨੂੰ ਉਨ੍ਹਾਂ ਦੇ ਗਿਆਨ ਦੀ ਸੋਝੀ, ਨਹੀਂ ਸੀ ਪੈ ਰਹੀ। ਉਹ ਸਮਾਂ, ਸਥਾਨ ਅਤੇ ਬੋਲੀ ਕਰਕੇ ਦੂਰ ਹੋ ਚੁਕੇ ਸਨ, ਭਾਵ, ਤਾਰਾ ਬਣ ਚੁਕੇ ਸਨ ਅਤੇ ਸੂਰਜ (ਮਹਾਤਮਾ) ਦੀ ਅਣਹੋਂਦ ਵਿਚ ਜੀਵਨ ਦਾ ਪੰਧ ਨਹੀਂ ਸਨ ਰੁਸ਼ਨਿਆ ਸਕਦੇ। ਫ਼ਿਰ **ਗੁਰ-ਜੋਤਿ**, ਸੂਰਜ ਬਣ ਕੇ ਉਦੈ ਹੋਈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਆ ਕੇ ਸਮੇਂ, ਸਥਾਨ ਤੇ ਭਾਸ਼ਾ ਮੁਤਾਬਿਕ, ਨਵੀਨ ਢੰਗ ਨਾਲ, ਉਹ ਗਿਆਨ ਸਾਡੇ ਤਕ ਪਹੁੰਚਾਇਆ, ਜੋ ਅਜ ਫ਼ਿਰ ਜਨ-ਸਧਾਰਣ ਤੋਂ ਦੂਰ ਹੋ ਚੁਕਿਆ ਹੈ। ਗੁਰਬਾਣੀ ਦੇ ਅਰਥ, ਭਾਵ, ਅਜ, ਜਨ ਸਾਧਾਰਣ ਦੀ ਸਮਝ ਤੋਂ ਬਾਹਰ ਹੋ ਚੁਕੇ ਹਨ। ਅਜ ਗੁਰਬਾਣੀ ਦੇ, ਬੇਸ਼ੱਕ ਕਈ ਟੀਕੇ ਹਨ, ਤਾਂ ਵੀ ਗੁਰਬਾਣੀ ਦੀ ਸਮਝ ਘਟਦੀ ਜਾ ਰਹੀ ਹੈ। ਗੁਰਬਾਣੀ ਦੀ ਅਸਲ ਸਮਝ ਉਸ ਨੂੰ ਹੁੰਦੀ ਹੈ, ਜੋ ਗੁਰਮੁੱਖ ਹੋਵੇ, ਹਰੇਕ ਨੂੰ ਨਹੀਂ, ਜਿਵੇਂ ਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ, ੯੩੫ ਪੰਨੇ ਤੇ, ਵਾਕ ਹੈ - 'ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ।।'

ਇਸ ਕਰਕੇ ਇਹ ਰੱਬੀ ਵਿਧਾਨ ਹੈ ਕਿ ਜਦ ਵੀ ਦੁਨੀਆਂ, ਇੰਞ, ਧਰਮ ਤੋਂ ਟੁਟ ਜਾਂਦੀ ਹੈ, ਤਾਂ ਗੁਰੂ, ਮਨੁਖੀ ਜਾਮਾ ਧਾਰਣ ਕਰਦਾ ਹੈ। ਇਸ ਤਰ੍ਹਾਂ, ਹਰ ਜੁਗ ਵਿਚ ਗੁਰੂ ਦੀ ਪੀੜ੍ਹੀ ਚਲਦੀ ਰਹਿੰਦੀ ਹੈ, ਜਿਵੇਂ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ, ਪੰਨਾ ੭੯ ਤੇ, ਫ਼ੁਰਮਾਣ ਹੈ - 'ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ।।'

ਭਾਈ ਸਾਹਿਬ ਆਪਣੀ ਇਸੇ ਵਾਰ ਦੀ ੪੮ਵੀਂ ਪਉੜੀ ਵਿਚ ਵੀ ਲਿਖਦੇ ਹਨ ਕਿ ਗੁਰੂ ਸਮੇਂ ਸਮੇਂ ਤੇ ਅਵਤਾਰ ਧਾਰਦਾ ਹੈ ਭਾਵ ਜਨਮ ਲੈ ਕੇ ਆਉਂਦਾ ਹੈ - 'ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ।' ਸਾਰੀ ਗੁਰਬਾਣੀ ਵਿਚ, ਹਰ ਜੁਗ ਵਿਚ, ਹਰ ਸਮੇਂ ਵਿਚ **ਗੁਰ-ਜੋਤਿ** ਦੀ ਨਿਰੰਤਰਤਾ ਨੂੰ ਸਵੀਕਾਰ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਹਿਬ ਦੇ ਪੰਨਾ ੧੩੯੦ ਤੇ ਵੀ ਅਜਿਹਾ ਹੀ ਫ਼ੁਰਮਾਣ ਹੈ ਕਿ ਸ੍ਰੀ ਗੁਰੂ ਦਾ, ਭਾਵ, ਗੁਰ-ਜੋਤਿ ਦਾ ਰਾਜ ਹਮੇਸ਼ਾਂ ਲਈ ਅਟੱਲ ਹੈ, ਇਹੀ ਆਦਿ ਪੁਰਖ ਦਾ ਫ਼ੁਰਮਾਣ ਹੈ - 'ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ।।'

ਭਗਵਦ ਗੀਤਾ ਵਿਚ ਵੀ '**ਯਦਾ ਯਦਾ ਹਿ ਧਰਮਸਯ ਗਲਾਨਿਰਭਵਤਿ**

ਭਾਰਤ....' ਕਰਕੇ ਦੱਸਿਆ ਗਿਆ ਹੈ ਕਿ ਜਦੋਂ ਜਦੋਂ ਧਰਮ ਦੀ ਹਾਨੀ ਹੁੰਦੀ ਹੈ, **ਗੁਰ-ਜੋਤਿ** ਦਾ ਉਦੈ ਹੁੰਦਾ ਹੈ।

ਗੁਰ ਪਰਮੇਸਰੁ ਇਕੁ ਹੈ ਸਚਾ ਸਾਹੁ ਜਗਤੁ ਵਣਜਾਰਾ।

ਚੜੈ ਸੂਰ ਮਿਟਿ ਜਾਇ ਅੰਧਾਰਾ ॥੧੭॥

ਅਰਥ : ਭਾਈ ਗੁਰਦਾਸ ਜੀ ਨੇ, ਜਿਸ ਗੁਰੂ ਦਾ, ਉਪਰ, ਜ਼ਿਕਰ ਕੀਤਾ ਹੈ, ਇਥੇ ਦਸ ਰਹੇ ਹਨ ਕਿ ਉਹ ਗੁਰੂ ਤੇ ਪਰਮੇਸ਼ਰ ਇਕ ਹੀ ਹੁੰਦੇ ਹਨ। ਜੋਤਿ ਸਰੂਪੀ ਗੁਰੂ, ਕੋਈ ਸਿਰਫ਼, ਉਚਾ ਸੁਚਾ ਮਨੁਖ ਮਾਤਰ ਹੀ ਨਹੀਂ ਹੁੰਦਾ ਸਗੋਂ, ਅਕਾਲ ਪੁਰਖ ਦਾ ਦ੍ਰਿਸ਼ਟਮਾਨ ਸਰੂਪ ਹੁੰਦਾ ਹੈ ਤਾਂ ਹੀ ਤਾਂ ਗੁਰੂ ਸਾਹਿਬਾਨ ਲਈ ਵੀ ਅਤੇ ਪੁਰਾਤਨ ਸਮਿਆਂ ਦੇ ਜੋਤਿ ਸਰੂਪੀ ਮਹਾਤਮਾਵਾਂ ਲਈ ਵੀ ਗੁਰਬਾਣੀ ਵਿਚ ਨਾਰਾਇਣ ਆਦਿ ਸ਼ਬਦ ਵਰਤੇ ਗਏ ਹਨ, ਅਤੇ ਗੁਰੂ ਨੂੰ ਪਾਰਬ੍ਰਹਮ ਕਰਕੇ ਸਵੀਕਾਰਿਆ ਗਿਆ ਹੈ।

ਜਿਵੇਂ, ਸ੍ਰੀ ਗੁਰੂ ਨਾਨਕ ਸਾਹਿਬ ਲਈ ਤਾਂ ਪੰਚਮ ਪਾਤਸ਼ਾਹ ਨੇ, ਪੰਨਾ ੬੧੨ ਤੇ, ਆਪ ਬਚਨ ਕੀਤੇ ਹਨ ਕਿ ਗੁਰੂ ਨਾਨਕ ਨੂੰ ਜਿਸ ਨੇ ਸੁਣ ਲਿਆ ਅਤੇ ਦਰਸ਼ਨ ਕਰ ਲਏ, ਮੇਰੇ ਮੂਰਖ ਦੀ ਕਿਹੜੀ ਗਲ, ਕਰੋੜਾਂ ਅਪਰਾਧੀ ਵੀ ਤਰ ਗਏ - 'ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ।। ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ।।' ਅਤੇ ਉਨ੍ਹਾਂ ਨੂੰ ਕਰੋੜਾਂ ਬ੍ਰਹਿਮੰਡਾਂ ਦਾ ਠਾਕੁਰ, ਮਾਲਕ ਦਸਿਆ ਹੈ ਅਤੇ ਸਾਰੇ ਜੀਆਂ ਦਾ ਦਾਤਾ ਮੰਨਿਆਂ ਹੈ - 'ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ ਸਰਬ ਜੀਆ ਕਾ ਦਾਤਾ ਰੇ।।'

ਤੀਜੇ ਪਾਤਸ਼ਾਹ ਲਈ ਫ਼ੁਰਮਾਣ ਹੈ ਕਿ ਸ੍ਰੀ ਗੁਰੂ ਅਮਰਦਾਸ ਸਾਹਿਬ ਆਪ ਹੀ ਨਾਰਾਇਣ, ਆਪਣੀ ਸੱਤਾ, Sovereignty, ਰੱਚ ਕੇ ਸੰਸਾਰ ਵਿਚ ਆਏ। ਨਿਰੰਕਾਰ ਹੀ ਆਕਾਰ ਰੂਪ ਹੋ ਕੇ, ਸਰਬ ਕਲਾ ਸੰਪੰਨ ਹੋ ਕੇ, ਜੱਗ ਦਾ ਚਾਰਜ ਲੈ ਕੇ, ਭਾਵ, ਪ੍ਰਭੂਸੱਤਾ ਧਾਰਣ ਕਰ ਕੇ, Sovereign ਹੋ ਕੇ, ਜੱਗ-ਮੰਡਲ ਵਿਚ ਆਏ। **ਗੁਰ-ਜੋਤਿ** ਇੰਞ ਹੀ ਆਉਂਦੀ ਹੈ - 'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ **ਪਰਵਰਿਯਉ**।। ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ।।', ਪੰਨਾ ੧੩੯੫. ਸ੍ਰੀ ਗੁਰੂ ਰਾਮਦਾਸ ਸਾਹਿਬ ਲਈ ਗੁਰਬਾਣੀ ਦਾ,

ਪੰਨਾ ੯੬੮ ਤੇ, ਫ਼ੁਰਮਾਣ ਹੈ ਕਿ ਸਿਖੀ, ਸੰਗਤਿ ਨੇ ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਪਾਰਬ੍ਰਹਮ ਜਾਣ ਕੇ ਹੀ ਨਮਸਕਾਰ ਕੀਤੀ ਸੀ - 'ਧੰਨੁ ਧੰਨੁ ਰਾਮਦਾਸ ਗੁਰੁ.. ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ।।'

ਸ੍ਰੀ ਗੁਰੂ ਅਰਜਨ ਸਾਹਿਬ ਲਈ ਗੁਰਬਾਣੀ ਵਿਚ ਫ਼ੁਰਮਾਣ ਹੈ ਕਿ ਅਕਾਲ ਪੁਰਖ ਅਤੇ ਸ੍ਰੀ ਗੁਰੂ ਅਰਜਨ ਸਾਹਿਬ ਵਿਚ ਕੋਈ ਭੇਦ ਨਹੀਂ, ਉਹ ਪ੍ਰਤੱਖ ਹਰੀ ਹੀ ਹਨ - 'ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ ਹਰਿ।।', ਪੰਨਾ ੧੪੦੯. ਅਤੇ 'ਤਤੁ ਬੀਚਾਰ ਯਹੈ ਮਥੁਰਾ ਜਗ ਤਾਰਨ ਕਉ **ਅਵਤਾਰੁ** ਬਨਾਯਉ।। ਜਪ੍ਯੋ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ।।', ਪੰਨਾ ੧੪੦੯, ਭਾਵ, ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਨੇ ਜੱਗ ਦਾ ਉਧਾਰ ਕਰਣ ਲਈ ਅਵਤਾਰ ਧਾਰਿਆ। ਜੋ ਵੀ ਉਨ੍ਹਾਂ ਦਾ ਜਾਪ ਜਪਦਾ ਹੈ, ਜਨਮ ਮਰਨ ਤੋਂ ਮੁਕਤ ਹੋ ਜਾਂਦਾ ਹੈ।

ਇਸੇ ਤਰ੍ਹਾਂ ਹੀ ਗੁਰਬਾਣੀ ਵਿਚ, ਪਿਛਲੇ ਜੁਗਾਂ ਦੇ **ਗੁਰ-ਜੋਤਿ** ਸਰੂਪੀ ਮਹਾਤਮਾਵਾਂ ਲਈ ਵੀ ਸ਼ਰਧਾ ਦੇ ਫ਼ੁਲ ਭੇਂਟ ਕੀਤੇ ਗਏ ਹਨ, ਜਿਵੇਂ, ਸ੍ਰੀ ਰਾਮ ਚੰਦਰ ਜੀ ਲਈ ਬਚਨ ਆਏ ਹਨ ਕਿ ਰਘੂ ਦੀ ਕੁਲ ਵਿਚ ਰਾਜਾ ਦਸ਼ਰਥ ਦੇ ਘਰ ਸੋਹਣੇ, ਸ਼੍ਰੋਮਣੀ ਪੁਰਖ ਆਏ ਹਨ ਜਿਨ੍ਹਾਂ ਦੀ ਸ਼ਰਣ, ਰਿਖੀ ਮੁਨੀ ਵੀ ਪ੍ਰਾਪਤ ਕਰਨਾ ਲੋਚਦੇ ਹਨ - 'ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ ।।' ਸ੍ਰੀ ਕ੍ਰਿਸ਼ਨ ਜੀ ਲਈ, ਭਗਤ ਨਾਮਦੇਵ ਜੀ ਨੇ ਸ਼ਰਧਾ ਦੇ ਫੁਲ, ਇਉਂ ਬਿਖੇਰੇ ਹਨ - 'ਧਨਿ ਧਨਿ ਤੂ ਮਾਤਾ ਦੇਵਕੀ।। ਜਿਹ ਗ੍ਰਿਹ ਰਮਈਆ ਕਵਲਾਪਤੀ।। ਧੰਨਿ ਧੰਨਿ ਬਨ ਖੰਡ ਬਿੰਦਰਾਬਨਾ।। ਜਹ ਖੇਲੈ ਸ੍ਰੀ ਨਾਰਾਇਨਾ।। ਬੇਨੁ ਬਜਾਵੈ ਗੋਧਨੁ ਚਰੈ।। ਨਾਮੇ ਕਾ ਸੁਆਮੀ ਆਨਦ ਕਰੈ।।'

ਸਮੇਂ ਸਮੇਂ ਤੇ ਪ੍ਰਗਟ ਹੁੰਦੀ, **ਗੁਰ-ਜੋਤਿ** ਦੀ ਮਹਿਮਾ, ਬਾਣੀ ਵਿਚ ਇੰਞ ਵੀ ਗਾਈ ਗਈ ਹੈ ਕਿ ਸਾਰੇ ਧਰਮ ਗ੍ਰੰਥ, ਸੋਧ ਸੋਧ ਕੇ ਵੇਖ ਲਏ ਹਨ, ਕਿ ਪਾਰਬ੍ਰਹਮ ਅਤੇ ਗੁਰੂ ਵਿਚ ਕੋਈ ਭੇਦ ਨਹੀਂ ਹੁੰਦਾ - 'ਨਾਨਕ ਸੋਧੇ ਸਿੰਮ੍ਰਿਤਿ ਬੇਦ।। ਪਾਰਬ੍ਰਹਮ ਗੁਰ ਨਾਹੀ ਭੇਦ।।' ਇਹ ਜੋਤਿ ਨਿਰੰਤਰ, ਹਰ ਜੁਗ ਵਿਚ ਪ੍ਰਗਟ ਹੁੰਦੀ ਰਹਿੰਦੀ ਹੈ, ਇਸ ਦੀ ਮਹਿਮਾ ਬਿਆਨ ਕਰਣ ਤੋਂ ਬਾਹਰ ਹੈ, ਉਹ ਆਪ ਹੀ, **ਆਦਿ, ਜੁਗਾਦਿ ਤੋਂ ਪੂਰਾ ਪਰਮੇਸ਼ਰ ਹੈ** - 'ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ।। ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ।।'

ਪਾਰਬ੍ਰਹਮ ਪਰਮੇਸ਼ਰ ਅਤੇ **ਗੁਰ ਪਰਮੇਸ਼ਰ** ਦਾ ਆਪਸੀ ਸੰਬੰਧ ਅਤੇ ਗੁਰ ਪਰਮੇਸ਼ਰ ਦਾ ਰੁਤਬਾ, status, ਇਕ ਗੂੜ੍ਹ ਰਹੱਸ ਹੈ ਜੋ ਕੋਈ ਜੀਵ ਪੂਰਾ ਪੂਰਾ ਇੰਨ ਬਿੰਨ ਜਾਣ ਹੀ ਨਹੀਂ ਸਕਦਾ, ਸਿਰਫ਼, ਕਿਸੇ ਹੱਦ ਤਕ, ਮਹਾਤਮਾ ਦੀ ਕਿਰਪਾ ਨਾਲ ਅਨੁਭਵ ਕਰ ਸਕਦਾ ਹੈ। ਅਨੁਭਵੀ ਗਿਆਨ ਅਖਰਾਂ ਵਿਚ ਪੂਰਾ ਪੂਰਾ ਨਹੀਂ ਉਤਾਰਿਆ ਜਾ ਸਕਦਾ, ਸਿਰਫ਼ ਬਿੰਬਾਂ ਰਾਹੀਂ ਇਸ਼ਾਰੇ ਦਿਤੇ ਜਾਂਦੇ ਹਨ। ਗੁਰਬਾਣੀ ਵੀ ਬਿੰਬਾਂ ਰਾਹੀਂ ਇਸ਼ਾਰੇ ਹੀ ਹਨ, ਪੂਰਾ ਭੇਦ ਨਹੀਂ ਖੁਲਦਾ। ਮਹਾਤਮਾ ਇਸ਼ਾਰੇ ਹੀ ਦੇ ਜਾਂਦੇ ਹਨ, ਉਹ ਵੀ ਆਮ ਮਨੁਖ ਲਈ ਸਮਝਣੇ ਔਖੇ ਹੋ ਜਾਂਦੇ ਹਨ - 'ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ।।' 'ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ।।'

ਵਾਹਗੁਰੂ ਦੇ ਇਹ ਜਨ, ਜਨਮ ਮਰਨ ਤੋਂ ਰਹਿਤ ਹੀ ਹੁੰਦੇ ਹਨ। ਸਿਰਫ਼, ਉਹ ਵੇਖਣ ਨੂੰ ਹੀ, ਜਨਮ ਲੈ ਕੇ ਆ ਰਹੇ ਹੁੰਦੇ ਪ੍ਰਤੀਤ ਹੁੰਦੇ ਹਨ। ਪਰ ਵਾਹਗੁਰੂ ਦੇ ਪੜਦੇ ਪਿਛੇ ਕੀ ਹੋ ਰਿਹਾ ਹੁੰਦਾ ਹੈ ਇਹ ਇਕ ਰਹੱਸ ਹੀ ਹੈ - 'ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ।। ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ।।' ਉਨ੍ਹਾਂ ਦੀ ਕਦਰ ਵੀ ਪਾਰਬ੍ਰਹਮ ਪਰਮੇਸ਼ਰ ਹੀ ਜਾਣਦਾ ਹੈ - '... ਜਿਸ ਕੇ ਸੇ ਤਿਨਿ ਜਾਤੇ।।', ਪੰਨਾ ੭੪੯.

ਜਦੋਂ ਗੁਰੂ ਸਾਹਿਬਾਨ ਦੀ ਵਡਿਆਈ ਆਉਂਦੀ ਹੈ ਤਾਂ ਅਸੀਂ ਖੁਸ਼ ਹੁੰਦੇ ਹਾਂ ਪਰ ਕਈ ਵੇਰ, ਸਾਡੇ ਵਲੋਂ, ਪਰਾਏ ਜਾਂ ਹੋਰਨਾਂ ਦੇ ਸਮਝੇ ਜਾਂਦੇ, ਮਹਾਤਮਾਵਾਂ ਦੀ ਵਡਿਆਈ ਸਾਨੂੰ ਨਹੀਂ ਭਾਉਂਦੀ, ਇਹ ਵੀ ਜੁਗ-ਗਰਦੀ ਦਾ ਹੀ ਇਕ ਲੱਛਣ ਹੈ। ਇਸ ਬੁਰਿਆਈ ਦੀ ਭੇਂਟ, ਮਨੁਖਤਾ ਚੜ੍ਹਦੀ ਆਈ ਹੈ ਅਤੇ ਬੇਸ਼ੁਮਾਰ ਕੀਮਤੀ ਜਾਨਾਂ ਵੀ ਗਵਾਈਆਂ ਜਾਂਦੀਆਂ ਰਹੀਆਂ ਹਨ, ਜਿਸ ਵਿਚ ਯਹੂਦੀਆਂ ਦਾ ਸਮੂਹਕ ਕਤਲ, ਸਿਖਾਂ ਦਾ ਮੁਗਲ ਹਾਕਮਾਂ ਤੋਂ ਲੈ ਕੇ ਅਨੇਕਾਂ ਵੇਰ, ਵਖ ਵਖ ਸਰਕਾਰਾਂ ਵਲੋਂ ਕਤਲੇਆਮ, ਆਦਿ।

- - ਅਖੀਰ ਤੇ ਭਾਈ ਗੁਰਦਾਸ ਜੀ ਫ਼ੁਰਮਾਣ ਕਰਦੇ ਹਨ ਕਿ ਅਜਿਹਾ ਗੁਰੂ ਹੀ ਸਚਾ ਸ਼ਾਹ, ਭਾਵ ਦੌਲਤ ਦੇਣ ਵਾਲਾ ਅਤੇ ਬਾਕੀ ਸਾਰਾ ਜਗਤ ਉਸ ਦੌਲਤ ਤੇ ਵਣਜ ਕਰਨ ਵਾਲਾ ਹੁੰਦਾ ਹੈ।

- - ਅਜਿਹਾ ਗੁਰੂ ਰੂਪੀ ਸੂਰਜ ਚੜ੍ਹਣ ਨਾਲ ਅਗਿਆਨਤਾ ਦਾ ਹਨੇਰਾ ਮਿਟ ਜਾਂਦਾ ਹੈ।

ਜਿਵੇਂ, ਭਾਈ ਗੁਰਦਾਸ ਜੀ ਹੀ, ਪਹਿਲੀ ਵਾਰ ਦੀ ੨੭ਵੀਂ ਪਉੜੀ ਵਿਚ ਫ਼ੁਰਮਾਣ ਕਰਦੇ ਹਨ ਕਿ ਜਿਵੇਂ ਚੜ੍ਹੇ ਹੋਏ ਸੂਰਜ ਦੀ ਰੌਸ਼ਨੀ ਨੂੰ ਕੋਈ ਕਿਸੇ

ਤਰੀਕੇ ਵੀ ਛੁਪਾ ਨਹੀਂ ਸਕਦਾ, ਇਸੇ ਤਰ੍ਹਾਂ ਰੱਬੀ ਮਹਾਤਮਾ ਦੀ ਵਡਿਆਈ ਵੀ ਛੁਪਾਇਆਂ ਨਹੀਂ ਛੁਪਦੀ - 'ਛਪੇ ਨਾਹੀ ਛਪਾਇਆ ਚੜਿਆ ਸੂਰਜੁ ਜਗੁ ਰੁਸਨਾਈ।।'

ਆਉਣ ਵਾਲੇ ਸਮੇਂ ਵਿਚ ਵੀ ਜਦੋਂ ਕੋਈ ਮਹਾਤਮਾ ਪਰਗਟੇਗਾ ਤਾਂ ਉਸ ਦੀ ਵਡਿਆਈ ਵੀ ਪ੍ਰਗਟ ਹੋ ਕੇ ਰਹੇਗੀ, ਕੋਈ ਛੁਪਾ ਨਹੀਂ ਸਕੇਗਾ।

7.8.2020